# ਦਫਤਰ ਡਿਪਟੀ ਕਮਿਸ਼ਨਰ -ਕਮ-ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ), ਫਤਿਹਗੜ੍ਹ ਸਾਹਿਬ ।

ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜਗਾਰ ਗਾਰੰਟੀ ਐਕਟ ਤਹਿਤ ਨਿਰੋਲ ਠੇਕੇ ਦੇ ਆਧਾਰ ਤੇ ਜਿਲ੍ਹੇ ਵਿੱਚ ਕੰਮ ਕਰਨ ਲਈ ਹੇਠ ਲਿਖੇ ਸਟਾਫ ਦੀ ਜਰੂਰਤ ਹੈ :-

| ਅਸਾਮੀ ਦਾ ਨਾਂ | ਅਸਾਮੀਆਂ ਦੀ ਗਿਣਤੀ | ਤਨਖਾਹ ਪ੍ਰਤੀ ਮਹੀਨਾ | ਯੋਗਤਾ |
|---|---|---|---|
| ਟੈਕਨੀਕਲ ਅਸਿਸਟੈਂਟ | 07 (ਜਨਰਲ-2, ਐਸ.ਸੀ.-2, ਬੀ.ਸੀ.-1,ਅੰਗਹੀਣ-1, ਐਕਸ ਸਰਵਿਸ ਮੈਨ-1) | 15000+900(ਟੀ.ਏ.) =15900 | 1) ਡਿਪਲੋਮਾ ਇਨ ਸਿਵਲ ਇੰਜਨੀਅਰਿੰਗ (ਸਰਕਾਰ ਪਾਸੋਂ ਮਾਨਤਾ ਪ੍ਰਾਪਤ ਸੰਸਥਾ ਤੋਂ , ਸਮੇਤ ਕੰਪਿਊਟਰ ਸਬੰਧੀ ਜਾਣਕਾਰੀ (ਐਮ.ਐਸ. ਵਰਡ, ਐਕਸਲ, ਡਾਟਾਬੇਸ਼ )<br>ਜਾਂ<br>ਰਿਟਾਇਰਡ ਜੇ.ਈ./ਐਸ.ਡੀ.ਓ. (ਸਰਕਾਰੀ, ਅਰਧ ਸਰਕਾਰੀ ਵਿਭਾਗ (ਸਿਵਲ ਵਰਕਸ) |
| ਡਾਟਾ ਐਂਟਰੀ ਓਪਰੇਟਰ | 04<br>ਜਨਰਲ-01,ਬੀ.ਸੀ.-01, ਅੰਗਹੀਣ -1, ਐਕਸ ਸਰਵਿਸ ਮੈਨ -1 | 8,000/- | 1) ਬੀ.ਏ./ਬੀ.ਐਸ.ਸੀ. ਸਮੇਤ<br>2) ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ<br>ਜਾਂ<br>ਇੱਕ ਸਾਲ ਦਾ ਡਾਟਾ ਐਂਟਰੀ ਕਰਨ ਦੇ ਤਜਰਬੇ ਸਹਿਤ<br>3) ਪੰਜਾਬੀ (ਯੂਨੀਕੋਡ ਕੰਪਲੈਂਟ ਫੌਟ ਰਾਵੀ ਵਿੱਚ) ਅਤੇ ਅੰਗਰੇਜੀ ਟਾਇਪ ਟੈਸਟ ਪਾਸ ਕਰਨਾ ਲਾਜਮੀ |

## ਸ਼ਰਤਾ:-

- ਚੁਣੇ ਗਏ ਉਮੀਦਵਾਰਾਂ ਨੂੰ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਜਿਲ੍ਹਾ ਹੈਡ ਕੁਆਰਟਰ ਜਾਂ ਬਲਾਕ ਹੈਡ ਕੁਆਰਟਰਾਂ ਤੇ ਤਾਇਨਾਤ ਕੀਤਾ ਜਾਵੇਗਾ।
- ਨੌਕਰੀ ਲਈ ਤਾਇਨਾਤ ਕੀਤੇ ਉਮੀਦਵਾਰ ਕੰਟਰੈਕਟ ਅਨੁਸਾਰ ਮਹਾਤਮਾ ਗਾਂਧੀ ਨਰੇਗਾ ਦੀ 5% ਕੰਟਨਜੈਂਸੀ ਵਿੱਚੋਂ ਰੱਖੇ ਜਾਣਗੇ, ਸਕੀਮ ਦੀ 5% ਕੰਟਨਜੈਂਸੀ ਅਨੁਸਾਰ ਹੀ ਕੰਟਰੈਕਟ ਵਿੱਚ ਵਾਧਾ/ਘਾਟਾ ਕੀਤਾ ਜਾਵੇਗਾ। ਜੇਕਰ ਮਗਨਰੇਗਾ ਸਕੀਮ ਬੰਦ ਕੀਤੀ ਜਾਂਦੀ ਹੈ ਜਾਂ ਕੰਟਨਜੈਂਸੀ ਫੰਡ ਉਪਲੱਬਧ ਨਹੀਂ ਹੁੰਦੇ ਤਾਂ ਕੰਟਰੈਕਟ ਖਤਮ ਸਮਝਿਆ ਜਾਵੇਗਾ।
- ਉਮੀਦਵਾਰ ਵੱਲੋਂ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।
- ਰਿਟਾਰੀਆਂ ਤੋਂ ਇਲਾਵਾ ਦੂਜੇ ਉਮੀਦਵਾਰਾਂ ਲਈ ਉਮਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਗਿਆਪਨ ਦੀ ਮਿਤੀ ਤੋਂ 18-37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀ, ਪੱਛੜੀ ਜਾਤੀ, ਐਕਸ ਸਰਵਿਸਮੈਨ, ਸਾਬਕਾ ਫੌਜੀ, ਵਿਧਵਾ, ਤਲਾਕਸ਼ੁਦਾ ਔਰਤਾਂ ਅਤੇ ਵਿਕਲਾਂਗ ਉਮੀਦਵਾਰਾਂ ਦੀ ਉਮਰ ਦੀ ਉਪਰਲੀ ਸੀਮਾਂ ਦੀ ਹੱਦ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ।
- ਰਿਟਾਇਰਡ ਉਮੀਦਵਾਰਾਂ ਲਈ ਵੱਧ ਤੋਂ ਵੱਧ ਉਮਰ 65 ਸਾਲ ਹੋਵੇਗੀ।
- ਪੋਸਟਾਂ ਦੀ ਗਿਣਤੀ ਵਿੱਚ ਵਾਧਾ ਜਾਂ ਘਾਟਾ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ), ਫਤਿਹਗੜ੍ਹ ਸਾਹਿਬ ਪਾਸ ਰਾਖਵਾਂ ਹੋਵੇਗਾ।
- ਇੰਟਰਵਿਊ ਤੇ ਟਾਇਪ ਪ੍ਰੀਖਿਆ ਵਿੱਚ ਆਉਣ ਲਈ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।
- ਉਮੀਦਵਾਰਾਂ ਦੀ ਤਿਆਰ ਕੀਤੀ ਵੇਟਿੰਗ ਲਿਸਟ 6 ਮਹੀਨੇ ਲਈ ਯੋਗ ਹੋਵੇਗੀ।
- **ਮੈਰਿਟ ਲਈ ਕਰਟੀਰੀਆ :-**
- ਬੇਸ਼ਿਕ ਯੋਗਤਾ ਦੀ ਮੈਰਿਟ ਦੇ 70% ਨੰਬਰ + ਹਾਇਰ ਐਜੂਕੇਸ਼ਨ ਦੀ ਮੈਰਿਟ ਦੇ 10% ਨੰਬਰ/(ਸਿਵਲ ਇੰਜਨੀਅਰ ਦੀ ਡਿਗਰੀ ਵਾਲੇ ਉਮੀਦਵਾਰਾਂ ਦੀ ਮੈਰਿਟ ਦੇ 80% ਨੰਬਰ) + (ਸਰਕਾਰੀ ਅਦਾਰੇ ਜਾਂ ਅਰਧ ਸਰਕਾਰੀ ਅਦਾਰੇ ) ਵਿੱਚ ਕੰਮ ਕਰਨ ਦੇ ਤਜਰਬੇ ਦੇ ਹਰ ਸਾਲ ਦੇ 2 ਨੰਬਰ (ਵੱਧ ਤੋਂ ਵੱਧ 10 ਨੰਬਰ), ਇੰਟਰਵਿਊ 10 ਨੰਬਰ
- ਡਾਟਾ ਐਂਟਰੀ ਓਪਰੇਟਰ ਦੀ ਅਸਾਮੀ ਲਈ ਪੰਜਾਬੀ ਟਾਇਪ ਟੈਸਟ 30WPM ਅਤੇ ਅੰਗਰੇਜੀ ਟਾਇਪ ਟੈਸਟ 30WPM ਨਾਲ ਪਾਸ ਕਰਨਾ ਲਾਜਮੀ ਹੈ।

ਬਿਨੈਕਾਰ ਆਪਣੀ ਅਰਜੀ ਸਮੇਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਅਤੇ 100/-ਰੁਪਏ ਫੀਸ਼ ਮਗਨਰੇਗਾ ਸੈਲ, ਜਿਲ੍ਹਾ ਪ੍ਰੀਸ਼ਦ, ਫਤਿਹਗੜ੍ਹ ਸਾਹਿਬ ਦੇ ਦਫਤਰ ਵਿੱਚ ਮਿਤੀ 07/02/2018 ਨੂੰ ਸ਼ਾਮ 5:00 ਵਜੇ ਤੱਕ ਪੁੱਜਦੀਆਂ ਕਰ ਸਕਦੇ ਹਨ।ਡਾਕ ਦੁਆਰਾ ਪ੍ਰਾਪਤ ਬਿਨੈ ਪੱਤਰ ਸਵੀਕਾਰ ਨਹੀਂ ਕੀਤੇ ਜਾਣਗੇ। ਮਿਥੀ ਮਿਤੀ ਤੋਂ ਬਾਅਦ ਪੁੱਜੀਆਂ ਅਰਜੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ। ਉਮੀਦਵਾਰਾਂ ਦੀ ਇੰਟਰਵਿਊ ਮਿਤੀ 14/02/2018 ਨੂੰ ਸਵੇਰੇ 10:00 ਵਜੇ ਵਧੀਕ ਡਿਪਟੀ ਕਮਿਸ਼ਨਰ(ਵਿਕਾਸ), ਫਤਿਹਗੜ੍ਹ ਸਾਹਿਬ ਜੀ ਦੇ ਦਫਤਰ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਫਤਿਹਗੜ੍ਹ ਸਾਹਿਬ ਵਿਖੇ ਕੀਤੀ ਜਾਵੇਗੀ।

ਸਹੀ/-
ਡਿਪਟੀ ਕਮਿਸ਼ਨਰ -ਕਮ-
ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ)
ਫਤਿਹਗੜ੍ਹ ਸਾਹਿਬ ।